# COVID-19 ਨਾਲ ਸਬੰਧਿਤ ਆਮ ਅਫਵਾਹਾਂ ਦਾ ਖੰਡਨ

ਸਾਡੀਆਂ ਸੰਗਤਾਂ ਨੂੰ ਸਰੁੱਖਿਅਤ ਰੱਖਣ ਲਈ, ਇਹ ਜ਼ਰੂਰੀ ਹੈ ਕਿ ਜਿਹਨਾਂ ਲੋਕਾਂ ਦੀ ਅਸੀਂ ਪ੍ਰਵਾਹ ਕਰਦੇ ਹਾਂ ਉਹਨਾਂ ਨੂੰ ਅਸੀਂ COVID-19 ਬਾਰੇ ਸਹੀ ਜਾਣਕਾਰੀ ਮੁਹਈਆ ਕਰਵਾਈਏ ਅਤੇ ਅਫਵਾਹਾਂ ਦਾ ਖੰਡਨ ਕਰੀਏ, ਫਿਰ ਭਾਵੇਂ ਉਹ ਸੋਸ਼ਲ ਮੀਡਿਆ ਦੇ ਜ਼ਰੀਏ ਫੈਲਣ, ਜਾਂ ਵਾਟਸ ਐਪ ਦੇ ਜ਼ਰੀਏ, ਜਾਂ ਫਿਰ ਰੋਜ਼ਾਨਾ ਦੀ ਗੱਲਬਾਤ ਦੇ ਦੌਰਾਨ ਸਾਹਮਣੇ ਆਉਣ। ਆਮ ਤੌਰ ਤੇ ਜੋ ਅਫਵਾਹਾਂ ਸੁਨਣ ਵਿਚ ਆਉਂਦੀਆਂ ਹਨ, ਉਹਨਾਂ ਨੂੰ ਖੰਡਿਤ ਕਰਨ ਵਾਲੇ ਤੱਥ ਹੇਠਾਂ ਦੱਸੇ ਗਏ ਹਨ। ਤੁਸੀਂ CDC ਵਲੋਂ ਜਾਰੀ ਕਿੱਤਾ ਗਿਆ "ਅਫਵਾਹਾਂ ਅਤੇ ਤੱਥ" ਦਸਤਾਵੇਜ਼ ਵੀ ਪੜ੍ਹ ਸਕਦੇ ਹੋ।

**ਇਸ ਤਰਾਂਹ ਦਾ ਕੋਈ ਵੀ ਕੇਸ ਸਾਹਮਣੇ ਨਹੀਂ ਆਇਆ ਹੈ ਜਿਥੇ COVID-19 ਦੀ ਵੈਕਸੀਨ ਲੱਗਣ ਨਾਲ ਕਿਸੇ ਨੂੰ COVID-19 ਹੋਇਆ ਹੋਵੇ।** ਇਸ ਦਸਤਾਵੇਜ਼ ਨੂੰ ਤਿਆਰ ਕਰਨ ਦੇ ਸਮੇਂ ਤੇ, ਅਮਰੀਕਾ ਦੇ ਵਿਚ ਵਰਤੋਂ ਲਈ ਮਨਜ਼ੂਰ ਕਿੱਤਿਆਂ ਗਇਆਂ ਦੋਨੋ ਹੀ ਵੈਕਸੀਨਾਂ, ਜ਼ਿੰਦਾ ਵਾਇਰਸ ਦੀ ਵਰਤੋਂ ਨਹੀਂ ਕਰਦਿਆਂ। ਇਸ ਦਾ ਮਤਲਬ ਹੈ ਕਿ ਵੈਕਸੀਨ ਦੀ ਵਰਤੋਂ ਨਾਲ ਬਿਮਾਰੀ ਹੋਣ ਦਾ ਕਿਸੇ ਕਿਸਮ ਦਾ ਕੋਈ ਖ਼ਤਰਾ ਨਹੀਂ, ਕਿਉਂਕਿ ਜਿਹੜੇ ਕੀਟਾਣੂਆਂ ਨਾਲ COVID-19 ਹੁੰਦਾ ਹੈ ਉਹ ਸਾਡੇ ਸ਼ਰੀਰ ਵਿਚ ਨਹੀਂ ਜਾ ਰਹੇ। (ਇਸਦੇ ਉਲਟ ਵੈਕਸੀਨ ਸਾਡੇ ਸ਼ਰੀਰ ਨੂੰ ਇਹ ਭੁਲੇਖਾ ਪਾਉਂਦੀ ਹੈ ਕਿ ਸ਼ਰੀਰ ਵਿਚ ਬਿਮਾਰੀ ਦੇ ਕੀਟਾਣੂ ਦਾਖਲ ਹੋਏ ਹਨ, ਤਾਂ ਜੋ ਸ਼ਰੀਰ ਵਾਇਰਸ ਨਾਲ ਲੜਨਾ ਸਿੱਖ ਸਕੇ ਅਤੇ ਆਪਣੇ ਆਪ ਨੂੰ ਤਿਆਰ ਕਰ ਸਕੇ। ਹੋਰ ਜਾਣਕਾਰੀ ਲੈਣ ਲਈ ਇਸ ਲਿੰਕ ਤੇ ਜਾ ਸਕਦੇ ਹੋ।)

**ਵੈਕਸੀਨ ਨਾਲ ਕਿਸੇ ਵੀ ਮਰਦ ਜਾਂ ਔਰਤ ਦੇ ਬਾਂਝ ਹੋਣ ਦਾ ਕੇਸ ਸਾਹਮਣੇ ਨਹੀਂ ਆਇਆ ਹੈ।** American Society for Reproductive Medicine, American Academy of Family Physicians, ਅਤੇ ਕਈ ਹੋਰ ਪਬਲਿਕ ਹੈਲਥ ਦੇ ਸਰੋਤਾਂ ਮੁਤਾਬਕ, ਇਸ ਤਰਾਂਹ ਦੇ ਕੋਈ ਵੀ ਆਂਕੜੇ ਸਾਹਮਣੇ ਨਹੀਂ ਆਏ ਹਨ ਜੋ ਕਿ ਇਹ ਸਾਬਿਤ ਕਰਦੇ ਹੋਣ ਕਿ COVID-19 ਦੀ ਵੈਕਸੀਨ ਨਾਲ ਬਾਂਝਪਨ, ਪਹਿਲੇ ਜਾਂ ਦੂਜੇ ਤਿਮਾਹੇ ਵਿਚ ਗਰਭ ਦਾ ਨੁਕਸਾਨ, ਜਨਮ ਦੇ ਸਮੇਂ ਬਚੇ ਦੀ ਮੌਤ, ਜਾਂ ਫਿਰ ਜਮਾਂਦਰੂ ਵਿਕਾਰ ਵਗੈਰਾਹ ਹੋ ਸਕਦਾ ਹੋਵੇ।

**ਵੈਕਸੀਨ ਤੁਹਾਡੇ ਧੰਅ ਨੂੰ ਨਹੀਂ ਬਦਲਦੀ।** COVID-19 ਦੀ ਵੈਕਸੀਨ ਦੇ ਕਣ ਸਾਡੇ ਸ਼ਰੀਰ ਦੇ ਉਹਨਾਂ ਹਿੱਸਿਆਂ ਵਿਚ ਦਾਖ਼ਲ ਨਹੀਂ ਹੋ ਸਕਦੇ ਜਿਥੇ DNA ਹੁੰਦਾ ਹੈ। ਇਸ ਲਈ ਵੈਕਸੀਨ ਨਾਲ ਤੁਹਾਡੇ ਜੈਨੇਟਿਕ ਪਦਾਰਥਾਂ ਦੇ ਬਦਲੇ ਜਾਣ ਦਾ ਕੋਈ ਖ਼ਤਰਾ ਨਹੀਂ ਹੈ। ਸੈਂਟਰ ਫਾਰ ਡਿਸੀਸ ਕੰਟਰੋਲ ਆਪਣੇ FAQ ਵਿਚ ਇਸ ਵਿਸ਼ੇ ਤੇ ਸੰਖੇਪ ਵਿਚ ਗੱਲ ਕਰਦਾ ਹੈ।

**ਵੈਕਸੀਨ ਦੇ ਪਦਾਰਥ ਭੈੜੇ ਜਾਂ ਨੁਕਸਾਨਦੇਹ ਨਹੀਂ ਹਨ।** ਅਮਰੀਕਾ ਦੇ ਵਿਚ ਆਮ ਵਰਤੋਂ ਲਈ ਮਨਜ਼ੂਰਸ਼ੁਦਾ ਦੋਵਾਂ ਵੈਕਸੀਨਾਂ ਦੇ ਵਿਚ ਵਰਤੀ ਜਾਣ ਵਾਲੀ ਸਮੱਗਰੀ ਦੀ ਲਿਸਟ ਆਮ ਤੌਰ ਤੇ ਇੰਟਰਨੇਟ ਤੇ ਉਪਲੱਬਧ ਹੈ, ਅਤੇ ਉਸ ਵਿਚ ਕਿਸੇ ਕਿਸਮ ਦੇ ਜਾਨਵਰਾਂ ਦੇ ਉਤਪਾਦ ਨਹੀਂ ਹਨ। ਜੇ ਤੁਹਾਨੂੰ ਵੈਕਸੀਨ ਦੇ ਵਿਚ ਵਰਤੀ ਗਈ ਕਿਸੇ ਸਮੱਗਰੀ ਦੇ ਤੁਹਾਡੇ ਸ਼ਰੀਰ ਨਾਲ ਰਿਐਕਸ਼ਨ ਹੋਣ ਦੀ ਚਿੰਤਾ ਹੈ ਤਾਂ ਤੁਹਾਨੂੰ ਚਾਹੀਦਾ ਹੈ ਕਿ ਤੁਸੀਂ ਆਪਣੇ ਡਾਕਟਰ ਨਾਲ ਇਸ ਬਾਰੇ ਗੱਲ ਜਰੂਰ ਕਰੋ।

**ਵੈਕਸੀਨ ਦੇ ਵਿਚ ਕਿਸੇ ਕਿਸਮ ਦੀ ਮਾਈਕਰੋ ਚਿੱਪ ਨਹੀਂ ਹੈ।** ਇਹ ਇਕ ਬਿਲਕੁਲ ਹੀ ਬੇ ਬੁਨਿਆਦ ਅਫਵਾਹ ਹੈ। ਵੈਕਸੀਨ ਦੇ ਨਿਰਮਾਤਾ ਵੈਕਸੀਨ ਬਣਾਉਣ ਲਈ ਵਰਤੀ ਜਾਣ ਵਾਲੀ ਸਾਰੀ ਸਮੱਗਰੀ ਦੀ ਲਿਸਟ ਨੂੰ ਉਪਲੱਬਧ ਕਰਵਾਉਂਦੇ ਹਨ; ਹੋਰ ਤੇ ਹੋਰ, ਨਿਉ ਯਾਰਕ ਟਾਇਮਸ ਅਤੇ ਕਈ ਹੋਰ ਵੱਡੇ ਅਤੇ ਇੱਜ਼ਤਦਾਰ ਖ਼ਬਰਾਂ ਦੇ ਸਰੋਤਾਂ ਨੇ ਇਸ ਅਫਵਾਹ ਦਾ ਖੰਡਨ ਕੀਤਾ ਹੈ।

**ਬਿਨਾਂ ਵੈਕਸੀਨ ਦੇ ਹਰਡ ਇਮਮੂਨਿਟੀ (COVID-19) ਮਹਾਂਮਾਰੀ ਤੋਂ ਬਾਹਰ ਆਉਣ ਦਾ ਸਹੀ ਰਸਤਾ ਨਹੀਂ ਹੈ।** ਹਰਡ ਇਮਮੂਨਿਟੀ ਦਾ ਮਤਲਬ ਹੈ ਕਿ ਕਿਸੇ ਕਮਿਉਨਿਟੀ ਵਿਚ ਰਹਿਣ ਵਾਲੇ ਲੋਕ ਕਿਸੇ ਬਿਮਾਰੀ ਦੇ ਸ਼ਿਕਾਰ ਹੋਣ ਤੋਂ ਸੁਰੱਖਿਅਤ ਹਨ ਕਿਉਂਕਿ ਜ਼ਿਆਦਾਤਰ ਆਬਾਦੀ ਨੂੰ ਇਹ ਬਿਮਾਰੀ ਹੋ ਚੁੱਕੀ ਹੈ। ਕੁਦਰਤੀ ਤੌਰ ਤੇ ਬਿਨਾ ਵੈਕਸੀਨ ਦੇ ਹਰਡ

ਇਮਿਊਨਿਟੀ ਤਕ ਪਹੁੰਚਣ ਦਾ ਮਤਲਬ ਹੈ ਕਿ ਲੱਖਾਂ ਹੋਰ ਲੋਕਾਂ ਨੂੰ COVID-19 ਹੋਣਾ, ਅਤੇ ਉਹਨਾਂ ਵਿਚੋਂ ਕਈ ਲੋਕਾਂ ਦਾ ਮਰਨਾ। ਜਦਕਿ ਦੂੱਜੇ ਪਾਸੇ, ਵੈਕਸੀਨ ਨਾਲ COVID-19 ਤੋਂ ਇਮਯੂਨ ਲੋਕਾਂ ਦੀ ਗਿਣਤੀ ਨੂੰ ਤੇਜ਼ੀ ਨਾਲ ਵਧਾਇਆ ਜਾ ਸਕਦਾ ਹੈ, ਉਹ ਵੀ ਬਿਨਾਂ ਕਿਸੇ ਨੂੰ COVID-19 ਕਰਵਾਏ ਬਗੈਰ। ਵੈਕਸੀਨਾਂ ਕਈ ਹੋਰ ਬਿਮਾਰੀਆਂ ਵਿਚ ਵੀ ਸਾਡੇ ਸਾਰਿਆਂ ਦੇ ਹਰਡ ਇਮਮੂਨਿਟੀ ਤਕ ਪਹੁੰਚਣ ਲਈ ਬਹੁਤ ਜ਼ਰੂਰੀ ਸਾਬਿਤ ਹੋਇਆਂ ਹਨ; ਇਸਦੇ ਇਤਿਹਾਸ ਬਾਰੇ ਤੁਸੀਂ ਇਸ ਵੈਬਸਾਈਟ ਤੇ ਪੜ੍ਹ ਸਕਦੇ ਹੋ। ਇਸ ਦੇ ਨਾਲ ਨਾਲ, ਜਿੰਨੇ ਜ਼ਿਆਦਾ ਲੋਕਾਂ ਨੂੰ ਵੈਕਸੀਨ ਲਾਇ ਜਾਏਗੀ, COVID-19 ਦੇ ਨਵੇਂ ਰੂਪਾਂ ਦਾ ਪੈਦਾ ਹੋਣਾ ਉਹਨਾਂ ਹੀ ਜ਼ਿਆਦਾ ਔਖਾ ਹੋ ਜਾਏਗਾ।

**ਜਿਹਨਾਂ ਨੂੰ ਵੈਕਸੀਨ ਲੱਗ ਗਈ ਹੈ ਉਹਨਾਂ ਨੂੰ ਹੱਥ ਧੋਣਾ, ਮਾਸਕ ਪਾਉਣਾ, ਅਤੇ ਸਮਾਜਿਕ ਦੂਰੀ ਬਣਾਕੇ ਰੱਖਣਾ ਜਾਰੀ ਰੱਖਣਾ ਚਾਹੀਦਾ ਹੈ।** ਵੈਕਸੀਨ ਨੂੰ ਸਾਡੇ ਸ਼ਰੀਰ ਨੂੰ ਬਿਮਾਰੀ ਨਾਲ ਲੜਨਾ ਸਿਖਾਉਣ ਲਈ ਥੋੜਾ ਸਮੇਂ ਲੱਗਦਾ ਹੈ, ਇਸ ਲਈ ਵੈਕਸੀਨ ਦੀਆਂ ਦੋਨੋ ਖੁਰਾਕਾਂ ਦੇ ਵਿਚ ਅਤੇ ਉਸ ਤੋਂ ਬਾਅਦ ਵੀ ਮਾਸਕ ਪਾਣਾ ਜਾਰੀ ਰੱਖੋ। ਇਹ ਸਾਵਧਾਨੀਆਂ ਦਾ ਪਾਲਨ ਕਰਨਾ ਬਹੁਤ ਜ਼ਰੂਰੀ ਹੈ ਕਿਉਂਕਿ ਇਸ ਸਮੇਂ ਸਾਨੂੰ ਇਹ ਨਹੀਂ ਪਤਾ ਕਿ ਵੈਕਸੀਨ ਤੁਹਾਨੂੰ ਬਾਕੀਆਂ ਨੂੰ ਵਾਇਰਸ ਦੇਣ ਤੋਂ ਰੋਕਦੀ ਹੈ ਜਾਂ ਨਹੀਂ।

*ਸਿੱਖ ਕੋਲਿਸ਼ਨ, ਨਾਰਥ ਅਮੇਰਿਕਨ ਸਿੱਖ ਮੈਡੀਕਲ ਐਂਡ ਡੈਂਟਲ ਐਸੋਸੀਏਸ਼ਨ (*NASMDA*), ਸਿੱਖ ਫੈਮਿਲੀ ਸੈਂਟਰ, ਅਤੇ ਜਕਾਰਾ ਮੂਵਮੈਂਟ ਲਗਾਤਾਰ ਕੰਮ ਕਰ ਰਹੇ ਹਨ ਤਾਂ ਜੋ ਅਮਰੀਕੀ ਸਿਖਾਂ ਨੂੰ* COVID-19 *ਦੀ ਵੈਕਸੀਨ ਸੰਬੰਧਿਤ ਸਹੀ ਜਾਣਕਾਰੀ ਅਤੇ ਸਰੋਤ ਮੁਹਈਆ ਕਰਵਾ ਸਕਣ। ਹੋਰ ਸਰੋਤਾਂ ਅਤੇ ਜਾਣਕਾਰੀ ਲਈ* thesikh.co/vaccine *ਤੇ ਜਾ ਸਕਦੇ ਹੋ, ਅਤੇ ਜੇ ਤੁਹਾਡੇ ਕੋਲ ਆਪਣੀ ਸਿਹਤ ਨਾਲ ਸੰਭਧਿਤ ਕੁਝ ਖਾਸ ਸਵਾਲ ਹਨ ਤਾਂ ਆਪਣੇ ਡਾਕਟਰ ਨਾਲ ਸੰਪਰਕ ਜ਼ੂਰ ਕਰੋ।*